ਨਿਊਜ਼ ਰਿਲੀਜ਼

# ਆਟੋ ਇੰਸ਼ੋਰੈਂਸ ਬਾਰੇ ਆਪਣੀ ਰਾਏ ਦਿਓ

26 ਅਪ੍ਰੈਲ, 2024 ਮੀਡੀਆ ਵੱਲੋਂ ਪੁੱਛ-ਗਿਛ

## ਅਲਬਰਟਾ ਦੀ ਸਰਕਾਰ ਅਲਬਰਟਾ ਦੇ ਲੋਕਾਂ ਤੋਂ ਇਸ ਬਾਰੇ ਸੁਣਨਾ ਚਾਹੁੰਦੀ ਹੈ ਕਿ ਆਟੋ ਇੰਸ਼ੋਰੈਂਸ ਨੂੰ ਲੰਬੇ ਸਮੇਂ ਲਈ ਕਿਫ਼ਾਇਤੀ ਅਤੇ ਸਥਿਰ ਕਿਵੇਂ ਬਣਾਇਆ ਜਾਵੇ।

ਪੂਰੇ ਕੈਨੇਡਾ ਵਿੱਚ ਆਟੋ ਇੰਸ਼ੋਰੈਂਸ ਦੇ ਰੇਟ ਵੱਧ ਰਹੇ ਹਨ, ਜਿਸ ਵਿੱਚ ਮੁਰੰਮਤ ਦੇ ਖਰਚੇ, ਪੁਰਜ਼ਿਆਂ ਦੀ ਘਾਟ, ਵਾਹਨ ਦੀ ਚੋਰੀ, ਅਤੇ ਵਧੀਆਂ ਹੋਈਆਂ ਨਿੱਜੀ ਸੱਟ ਸੰਬੰਧੀ ਅਤੇ ਕਾਨੂੰਨੀ ਲਾਗਤਾਂ, ਸਾਰੇ ਯੋਗਦਾਨ ਪਾ ਰਹੇ ਹਨ।

ਅਲਬਰਟਾ ਵਾਸੀਆਂ ਨੂੰ ਇੱਕ ਸਰਲ, ਵਧੇਰੇ ਕਿਫ਼ਾਇਤੀ ਅਤੇ ਸਥਿਰ ਬੀਮਾ ਪ੍ਰਣਾਲੀ ਦੀ ਲੋੜ ਹੈ ਜੋ ਉਹਨਾਂ ਦੀ ਅਤੇ ਉਹਨਾਂ ਦੇ ਪਰਿਵਾਰਾਂ ਦੀ ਸੜਕ 'ਤੇ ਰੱਖਿਆ ਕਰੇ। ਸਰਕਾਰ ਇੱਕ ਔਨਲਾਈਨ ਜਨਤਕ ਸ਼ਮੂਲੀਅਤ ਸਰਵੇਖਣ ਸ਼ੁਰੂ ਕਰ ਰਹੀ ਹੈ ਤਾਂ ਜੋ ਅਲਬਰਟਾ ਵਾਸੀਆਂ ਤੋਂ ਇਸ ਬਾਰੇ ਫੀਡਬੈਕ ਇਕੱਠੀ ਕੀਤੀ ਜਾ ਸਕੇ ਕਿ ਉਹਨਾਂ ਲਈ ਆਟੋ ਇੰਸ਼ੋਰੈਂਸ ਦਾ ਕੀ ਮਹੱਤਵ ਹੈ ਅਤੇ ਉਹ ਇਸ ਤੋਂ ਕੀ ਚਾਹੁੰਦੇ ਹਨ।

“ਅਸੀਂ ਆਟੋ ਇੰਸ਼ੋਰੈਂਸ ਦੀਆਂ ਵਧਦੀਆਂ ਲਾਗਤਾਂ ਦੇ ਗੁੰਝਲਦਾਰ ਮੁੱਦੇ ਦਾ ਲੰਬੇ ਸਮੇਂ ਲਈ ਹੱਲ ਕੱਢਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ। ਜਿਸ ਵੇਲੇ ਅਸੀਂ ਸਿਸਟਮ ਨੂੰ ਬਿਹਤਰ ਬਣਾਉਣ ਲਈ ਆਪਣੇ ਵਿਕਲਪਾਂ ਦੇ ਫਾਇਦੇ-ਨੁਕਸਾਨ ਦੇਖ ਰਹੇ ਹਾਂ, ਸਾਨੂੰ ਅਲਬਰਟਾ ਵਾਸੀਆਂ ਤੋਂ ਉਹਨਾਂ ਦੇ ਵਿਚਾਰ ਅਤੇ ਅਨੁਭਵ ਸੁਣਨ ਦੀ ਲੋੜ ਹੈ। ਉਹਨਾਂ ਦੀ ਫੀਡਬੈਕ ਆਟੋ ਇੰਸ਼ੋਰੈਂਸ ਨੂੰ ਕਿਫ਼ਾਇਤੀ ਅਤੇ ਟਿਕਾਊ ਰੱਖਣ ਲਈ ਸਹੀ ਮਾਰਗ ਚੁਣਨ ਵਿੱਚ ਸਾਡੀ ਮਦਦ ਕਰੇਗੀ।”

*ਨੈਟ ਹਾਰਨਰ (Nate Horner), ਟ੍ਰੇਜ਼ਰੀ ਬੋਰਡ ਦੇ ਪ੍ਰੈਜ਼ੀਡੈਂਟ ਅਤੇ ਵਿੱਤ ਮੰਤਰੀ*

“ਅਲਬਰਟਾ ਵਾਸੀਆਂ ਲਈ ਕਿਫ਼ਾਇਤ ਸਭ ਤੋਂ ਵੱਧ ਮਹੱਤਵਪੂਰਨ ਹੈ। ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਅਸੀਂ ਪੈਸੇ ਬਚਾਉਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਉਹ ਸਭ ਕੁਝ ਕਰ ਰਹੇ ਹਾਂ ਜੋ ਅਸੀਂ ਕਰ ਸਕਦੇ ਹਾਂ, ਅਤੇ ਇਸ ਲਈ ਅਸੀਂ ਆਟੋ ਇੰਸ਼ੋਰੈਂਸ ਦੀਆਂ ਦਰਾਂ ਨੂੰ ਘੱਟ ਕਰਨ ਲਈ ਸਭ ਤੋਂ ਵਧੀਆ ਵਿਕਲਪਾਂ 'ਤੇ ਉਹਨਾਂ ਨਾਲ ਜੁੜਨ ਜਾ ਰਹੇ ਹਾਂ।"

*ਨਾਥਨ ਨਿਊਡੋਰਫ (Nathan Neudorf), ਅਫੋਰਡੇਬਿਲਟੀ ਅਤੇ ਯੁਟਿਲਿਟੀਜ਼ ਦੇ ਮੰਤਰੀ*

ਅਲਬਰਟਾ ਦੀ ਸਰਕਾਰ ਨੇ ਸੁਤੰਤਰ ਮਾਹਰਾਂ ਨੂੰ ਅਜਿਹੀਆਂ ਪ੍ਰਣਾਲੀਆਂ 'ਤੇ ਵਿਚਾਰ ਕਰਨ ਲਈ ਕਿਹਾ ਜੋ ਆਟੋ ਬੀਮੇ ਦੀਆਂ ਲਾਗਤਾਂ ਨੂੰ ਘਟਾ ਸਕਦੀਆਂ ਹਨ ਅਤੇ ਬੀਮਾ ਉਦਯੋਗ ਦੇ ਟਿਕਾਊਪਣ ਅਤੇ ਸਥਿਰਤਾ ਵਿੱਚ ਸੁਧਾਰ ਕਰ ਸਕਦੀਆਂ ਹਨ।

ਓਲੀਵਰ ਵਾਈਮੈਨ (Oliver Wyman) ਨੇ ਆਪਣੇ ਕੰਮ ਨੂੰ ਵੱਖ-ਵੱਖ ਮੌਜੂਦਾ ਆਟੋ ਇੰਸ਼ੋਰੈਂਸ ਪ੍ਰਣਾਲੀਆਂ ਦੇ ਅਧੀਨ, ਵੱਡੇ ਪੱਧਰ 'ਤੇ ਪੂਰੇ ਕੈਨੇਡਾ ਵਿੱਚ, ਔਸਤ ਪ੍ਰੀਮੀਅਮਾਂ ਦੀ ਤੁਲਨਾ ਕਰਨ 'ਤੇ ਕੇਂਦਰਿਤ ਕੀਤਾ। ਨੌਸ ਗਰੁੱਪ (Nous Group) ਨੇ ਇਹਨਾਂ ਵੱਖ-ਵੱਖ ਆਟੋ ਇੰਸ਼ੋਰੈਂਸ ਮਾਡਲਾਂ ਦੇ

ਵਿਆਪਕ ਖਰਚਿਆਂ ਅਤੇ ਲਾਭਾਂ ਦੀ ਜਾਂਚ ਕੀਤੀ। ਅਲਬਰਟਾ ਦੇ ਆਟੋ ਇੰਸ਼ੋਰੈਂਸ ਸਿਸਟਮ ਵਿੱਚ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਇਹ ਰਿਪੋਰਟਾਂ ਭਵਿੱਖ ਦੇ ਜੁੜਾਵਾਂ ਅਤੇ ਨੀਤੀਆਂ ਨੂੰ ਸੂਚਿਤ ਕਰਨ ਲਈ ਵਰਤੀਆਂ ਜਾਣਗੀਆਂ।

"ਅਸੀਂ ਜਾਣਦੇ ਹਾਂ ਕਿ ਜਦੋਂ ਤੱਕ ਦੁਰਘਟਨਾ ਦੇ ਦਾਅਵਿਆਂ ਦੀ ਵੱਧ ਰਹੀ ਲਾਗਤ ਨੂੰ ਹੱਲ ਕਰਨ ਲਈ ਸੁਧਾਰਾਂ ਨਹੀਂ ਕੀਤੇ ਜਾਂਦੇ, ਆਟੋ ਇੰਸ਼ੋਰੈਂਸ ਦੇ ਪ੍ਰੀਮੀਅਮਾਂ ਦਾ ਵਧਣਾ ਜਾਰੀ ਰਹੇਗਾ। ਅਸੀਂ ਅਲਬਰਟਾ ਦੇ ਸਾਰੇ ਡਰਾਈਵਰਾਂ ਨੂੰ ਔਨਲਾਈਨ ਜਨਤਕ ਸ਼ਮੂਲੀਅਤ ਸਰਵੇਖਣ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਾਂ ਤਾਂ ਜੋ ਉਹ ਇਸ ਬਾਰੇ ਆਪਣੇ ਵਿਚਾਰ ਸਾਂਝੇ ਕਰ ਸਕਣ ਕਿ ਉਹ ਆਪਣੇ ਆਟੋ ਇੰਸ਼ੋਰੈਂਸ ਵਿੱਚ ਕਿਸ ਚੀਜ਼ ਨੂੰ ਮਹੱਤਵ ਦਿੰਦੇ ਹਨ ਅਤੇ ਇਸ ਤੋਂ ਕੀ ਉਮੀਦ ਕਰਦੇ ਹਨ।"

*ਜੈਮੀ ਹੋਟੇ (Jamie Hotte), ਮੁਖੀ, ਆਟੋਮੋਬਾਈਲ ਇੰਸ਼ੋਰੈਂਸ ਰੇਟ ਬੋਰਡ*

ਅਲਬਰਟਾ ਵਾਸੀ ਓਲੀਵਰ ਵਾਈਮੈਨ ਅਤੇ ਨੌਸ ਗਰੁੱਪ ਦੀਆਂ ਰਿਪੋਰਟਾਂ, ਅਤੇ ਨਾਲ ਹੀ ਸਰਵੇਖਣ ਲਈ ਪਿਛੋਕੜ ਅਤੇ ਸੰਦਰਭ ਪ੍ਰਦਾਨ ਕਰਨ ਵਾਲੇ ਸੰਖੇਪ ਸਾਰ ਔਨਲਾਈਨ ਪੜ੍ਹ ਸਕਦੇ ਹਨ।

## ਫੌਰੀ ਤੱਥ

- ਸਰਵੇਖਣ ਬੁੱਧਵਾਰ, 26 ਜੂਨ, 2024 ਤੱਕ ਖੁੱਲ੍ਹਾ ਰਹੇਗਾ।

## ਸੰਬੰਧਿਤ ਜਾਣਕਾਰੀ

- ਆਟੋਮੋਬਾਈਲ ਇੰਸ਼ੋਰੈਂਸ ਸੁਧਾਰ
- ਰਿਪੋਰਟ: ਅਲਬਰਟਾ ਵਿੱਚ ਆਟੋ ਇੰਸ਼ੋਰੈਂਸ ਵਿੱਚ ਤਬਦੀਲੀਆਂ (ਓਲੀਵਰ ਵਾਈਮੈਨ ਅਤੇ ਨੌਸ ਗਰੁੱਪ ਅਧਿਐਨ ਸ਼ਾਮਲ ਹਨ)
- ਆਟੋ ਇੰਸ਼ੋਰੈਂਸ ਬਾਰੇ ਜੁੜਾਵ

## ਸੰਬੰਧਿਤ ਖ਼ਬਰਾਂ

- ਆਟੋ ਇੰਸ਼ੋਰੈਂਸ ਵਿੱਚ ਤਬਦੀਲੀਆਂ ਤੋਂ ਚੰਗੇ ਡਰਾਈਵਰਾਂ ਨੂੰ ਫਾਇਦਾ ਹੋਵੇਗਾ (1 ਨਵੰਬਰ, 2023)

## ਮੀਡੀਆ ਵੱਲੋਂ ਪੁੱਛ-ਗਿਛ


### ਜਸਟਿਨ ਬ੍ਰੈਟਿੰਗਾ (Justin Brattinga)

587-357-2956
ਪ੍ਰੈਸ ਸੈਕ੍ਰੇਟਰੀ, ਟ੍ਰੇਜ਼ਰੀ ਬੋਰਡ ਅਤੇ ਫਾਇਨਾਂਸ